BC Mental Health & Addiction Services
An agency of the Provincial Health Services Authority

kelty mental health resource centre

# ਬੱਚਿਆਂ ਅਤੇ ਅੱਲ੍ਹੜਾਂ ਲਈ *Clonidine (ਕਲੋਨੀਡਾਈਨ)* ਦਾ ਇਸਤੇਮਾਲ ਕਰਨਾ

## ਸੰਖੇਪ ਵੇਰਵਾ



***Clonidine (Catapres®, ਕੈਟਾਪਰੇਜ਼®, Dixarit® ਡਾਈਕਸੈਰਿਟ® ਅਤੇ ਇਸ ਦੀਆਂ ਜੈਨੇਰਿਕ (ਆਮ) ਕਿਸਮਾਂ)*** ਦਵਾਈਆਂ ਦੇ ਉਸ ਸਮੂਹ ਨਾਲ ਸੰਬੰਧਿਤ ਹੈ ਜਿਨ੍ਹਾਂ ਨੂੰ “alpha$_2$-agonists” (ਐਲਫ਼ਾ$_2$-ਐਗੋਨਿਸਟਸ) ਕਿਹਾ ਜਾਂਦਾ ਹੈ। ਬਾਲਗ਼ਾਂ ਵਿੱਚ ਵੱਧ ਬਲੱਡ ਪ੍ਰੈਸ਼ਰ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਲਈ ਇਹ ਦਵਾਈ ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਹੈ। ਬੱਚਿਆਂ ਅਤੇ ਅੱਲ੍ਹੜਾਂ ਵਿੱਚ, ਅਟੈਨਸ਼ਨ ਡੈਫ਼ੀਸਿਟ/ਹਾਈਪਰਐਕਟੀਵਿਟੀ ਡਿਸਆਰਡਰ (ਘੱਟ ਧਿਆਨ ਦੇਣ/ ਬਹੁਤ ਜ਼ਿਆਦਾ ਅਤੇ ਤੇਜ਼ ਕਾਰਜ ਕਰਨ ਸੰਬੰਧੀ ਵਿਗਾੜ) (ਏ.ਡੀ./ਐੱਚ.ਡੀ.) ਅਤੇ ਹਿਚੋਲੇ ਮਾਰਨ ਸੰਬੰਧੀ ਵਿਗਾੜਾਂ (ਜਿਵੇਂ ਟੂਰੇੱਟ ਸਿੰਡ੍ਰਮ) ਸਮੇਤ ਕਈ ਹੋਰ ਅਲਾਮਤਾਂ ਲਈ ਇਹ ਦਵਾਈ ਵਰਤੀ ਜਾ ਸਕਦੀ ਹੈ।

## *Clonidine ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?*

ਜਿਵੇਂ ਕਿ ਬਚਪਨ ਵਿੱਚ ਹੋਣ ਵਾਲੇ ਵਿਗਾੜਾਂ ਦੇ ਇਲਾਜ ਵਿੱਚ ਕਈ ਦਵਾਈਆਂ ਇਸਤੇਮਾਲ ਹੁੰਦੀਆਂ ਹਨ, Clonidine ਦਵਾਈ ਬੱਚਿਆਂ ਅਤੇ ਅੱਲ੍ਹੜਾਂ ਲਈ ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਨਹੀਂ ਹੈ। ਜਦੋਂ Clonidine ਦੀ ਵਰਤੋਂ ਦੇ ਸੰਭਾਵੀ ਫ਼ਾਇਦੇ (ਜਿਵੇਂ ਕਿ ਤੁਹਾਡੇ ਲੱਛਣਾਂ ਵਿੱਚ ਕਮੀ) ਸੰਭਾਵੀ ਖ਼ਤਰਿਆਂ (ਜਿਵੇਂ ਕਿ ਮਾੜੇ ਪ੍ਰਭਾਵ) ਤੋਂ ਜ਼ਿਆਦਾ ਹੋਣ, ਉਦੋਂ ਕਈ ਡਾਕਟਰ ਕਈ ਅਲਾਮਤਾਂ ਨੂੰ ਠੀਕ ਕਰਨ ਵਾਸਤੇ ਇਸ ਨੂੰ “ਆਫ ਲੇਬਲ” ਲਿਖ ਸਕਦੇ ਹਨ। ਅਮਰੀਕਾ ਵਿੱਚ ਬੱਚਿਆਂ ਅਤੇ ਅੱਲ੍ਹੜਾਂ ਵਿੱਚ ਏ.ਡੀ./ਐਚ.ਡੀ. ਦਾ ਇਲਾਜ ਕਰਨ ਲਈ Clonidine ਦੀ ਦੇਰ ਤਕ ਅਸਰ ਕਰਨ ਵਾਲੀ ਕਿਸਮ ਨੂੰ ਪ੍ਰਵਾਨ ਕੀਤਾ ਗਿਆ ਹੈ। ਇਨ੍ਹਾਂ ਦੇ ਨਾਲ-ਨਾਲ ਹੇਠ ਲਿਖੀਆਂ ਅਲਾਮਤਾਂ ਲਈ ਵੀ ਇਸ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ:

- ਹਿਚੋਲੇ ਮਾਰਨ ਦਾ ਵਿਗਾੜ ( ਜਿਵੇਂ ਮੋਢੇ ਚੜ੍ਹਾਉਣਾ, ਅੱਖਾਂ ਝਪਕਨੀਆਂ, ਸਿਰ ਮੋੜਣਾ, ਪੱਠਿਆਂ ਦਾ ਫੜਕਣਾ ਅਤੇ ਗਲਾ ਸਾਫ ਕਰਨਾ)
- ਸੌਣ ਸੰਬੰਧੀ ਦਿੱਕਤਾਂ
- ਚਿੰਤਾ ਰੋਗ
- ਸਿਗਰਟਨੋਸ਼ੀ ਬੰਦ ਕਰਨ ’ਤੇ ਹੋਣ ਵਾਲੀ ਸਮੱਸਿਆ (ਨਿਕੋਟਿਨ ਘਾਟ)

ਤੁਹਾਡਾ ਡਾਕਟਰ ਕਿਸੇ ਹੋਰ ਕਾਰਨ ਕਰਕੇ ਵੀ ਇਹ ਦਵਾਈ ਇਸਤੇਮਾਲ ਕਰ ਰਿਹਾ ਹੋ ਸਕਦਾ ਹੈ। ਜੇ ਤੁਹਾਨੂੰ ਇਹ ਸਪਸ਼ਟ ਨਹੀਂ ਹੈ ਕਿ ਤੁਹਾਨੂੰ ਇਹ ਦਵਾਈ ਕਿਉਂ ਲਿਖੀ ਗਈ ਹੈ, ਕਿਰਪਾ ਕਰਕੇ ਆਪਣੇ ਡਾਕਟਰ ਨੂੰ ਪੁੱਛ ਲਓ।

## *Clonidine* ਕੰਮ ਕਿਵੇਂ ਕਰਦੀ ਹੈ?



Clonidine ਦਿਮਾਗ਼ੀ ਰਸਾਇਣ (ਨਿਊਰੋਟ੍ਰਾਂਸਮਿਟਰ), ਜਿਸ ਨੂੰ ਨੋਰਪਾਈਨਫ੍ਰਿਨ ਕਹਿੰਦੇ ਹਨ, ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰ ਕੇ ਆਪਣਾ ਕੰਮ ਕਰਦੀ ਹੈ। ਨੋਰਪਾਈਨਫ੍ਰਿਨ ਸਧਾਰਣ ਤੌਰ ’ਤੇ ਸਰੀਰ ਵਿੱਚ ਬਲੱਡ ਪ੍ਰੈਸ਼ਰ, ਦਿਲ ਦੇ ਧੜਕਨ ਦੀ ਗਤੀ ਅਤੇ ਚਿੰਤਾ ਰੋਗ ਉੱਤੇ ਅਸਰ ਕਰਦਾ ਹੈ ਪਰ ਨਾਲ ਹੀ ਇਹ ਧਿਆਨ ਅਤੇ ਉੱਤੇਜਨਾ ’ਤੇ ਵੀ ਅਸਰ ਪਾਉਂਦਾ ਹੈ। ਇਹ ਦਵਾਈ ਦਿਮਾਗ ਦੇ ਕੁਝ ਹਿੱਸਿਆਂ ਨੂੰ ਸਥਿਰ ਕਰ ਕੇ ਉਨ੍ਹਾਂ ਨੂੰ “ਘੱਟ ਉਤਸ਼ਾਹਿਤ” ਕਰਦੀ ਹੈ। ਇੰਞ ਇਸ ਨਾਲ ਏ.ਡੀ./ਐਚ.ਡੀ., ਚਿੰਤਾ ਰੋਗ, ਸੌਣ ਸੰਬੰਧੀ ਦਿੱਕਤਾਂ, ਨਿਕੋਟਿਨ ਦੀ ਘਾਟ ਅਤੇ ਹਿਚੋਲੇ ਮਾਰਨ ਸੰਬੰਧੀ ਵਿਗਾੜਾਂ ਵਿੱਚ ਸੁਧਾਰ ਹੁੰਦਾ ਹੈ।

## ਬੱਚਿਆਂ ਅਤੇ ਅੱਲ੍ਹੜਾਂ ਵਿੱਚ *Clonidine* ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰਦੀ ਹੈ?

Clonidine ਏ.ਡੀ./ਐਚ.ਡੀ. ਦਾ ਇਲਾਜ ਨਹੀਂ ਕਰਦੀ। ਏ.ਡੀ./ਐਚ.ਡੀ. ਦੇ ਲੱਛਣਾਂ ਵਿੱਚ ਦਰਮਿਆਨਾ ਜਿਹਾ ਸੁਧਾਰ ਕਰਨਾ ਇਸ ਦਵਾਈ ਦਾ ਉਦੇਸ਼ ਹੈ, ਜਿਵੇਂ ਕਿ, ਬਹੁਤ ਜ਼ਿਆਦਾ ਕਾਹਲ, ਤੇਜ਼ ਅਤੇ ਗੁੱਸੇ ਵਾਲਾ ਵਿਹਾਰ। ਮਾਯੂਸੀ ਨੂੰ ਵਧੇਰੇ ਕਾਰਗਰ ਢੰਗ ਨਾਲ ਸਹਿਣ ਕਰਨ ਵਿੱਚ ਵੀ ਇਹ ਮਦਦ ਕਰ ਸਕਦੀ ਹੈ। ਤੁਲਨਾ ਵਿੱਚ Clonidine ਧਿਆਨ ਅਤੇ ਮਨ ਇਕਾਗਰ ਕਰਨ ਸੰਬੰਧੀ ਵਿਗਾੜਾਂ ਨੂੰ ਸੁਧਾਰਨ ਵਿੱਚ ਘੱਟ ਫ਼ਾਇਦੇਮੰਦ ਹੋ ਸਕਦੀ ਹੈ। ਇਸ ਦੇ ਬਾਵਜੂਦ, ਏ.ਡੀ/ਐਚ.ਡੀ. ਦੇ ਜਿਹੜੇ ਮਰੀਜ਼ਾਂ ਉੱਪਰ ਉਤੇਜਿਤ ਕਰਨ ਵਾਲੀਆਂ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ ਜਾਂ ਜਿਨ੍ਹਾਂ ਨੂੰ ਅਣਚਾਹੇ ਮਾੜੇ ਪ੍ਰਭਾਵ ਹੋ ਜਾਂਦੇ ਹਨ, ਉਨ੍ਹਾਂ ਮਰੀਜ਼ਾਂ ਵਾਸਤੇ Clonidine ਇਲਾਜ ਦਾ ਇੱਕ ਮਹੱਤਵਪੂਰਣ ਵਿਕਲਪ ਹੈ।

ਬਹੁਤ ਜ਼ਿਆਦਾ ਕਾਹਲ, ਤੇਜ਼ ਜਾਂ ਗੁੱਸੇ ਵਾਲੇ ਵਿਹਾਰ ਦੀਆਂ ਸਮੱਸਿਆਵਾਂ ਵਾਲੇ ਮਰੀਜ਼ਾਂ ਲਈ Clonidine ਖ਼ਾਸ ਤੌਰ 'ਤੇ ਮਦਦਗ਼ਾਰ ਹੋ ਸਕਦੀ ਹੈ। Clonidine ਉਨ੍ਹਾਂ ਮਰੀਜ਼ਾਂ ਲਈ ਵੀ ਮਦਦਗ਼ਾਰ ਹੋ ਸਕਦੀ ਹੈ ਜਿਨ੍ਹਾਂ ਨੂੰ ਸੌਣ ਸੰਬੰਧੀ ਦਿੱਕਤਾਂ ਹਨ, ਗੁੱਸਾ ਆਉਂਦਾ ਹੈ, ਕਿਸੇ ਕੰਮ ਵਿੱਚ ਮਨ ਨਹੀਂ ਲੱਗਦਾ, ਉਹ ਹਿਚੋਲੇ ਮਾਰਦੇ ਹਨ ਜਾਂ ਜਿਨ੍ਹਾਂ ਨੂੰ ਚਿੰਤਾ ਰੋਗ ਹੈ ਇਨ੍ਹਾਂ ਵਿੱਚੋਂ ਕਿਸੇ ਵੀ ਅਲਾਮਤ ਦਾ ਇਲਾਜ ਕਰਨ ਲਈ Clonidine ਨੂੰ ਉੱਤੇਜਕ ਦਵਾਈ ਦੇ ਨਾਲ ਵੀ ਦਿੱਤਾ ਜਾ ਸਕਦਾ ਹੈ। ਜਦੋਂ ਵੀ ਸੰਭਵ ਹੋਵੇ, ਵਿਹਾਰਾਂ ਨੂੰ ਠੀਕ ਕਰਨ ਵਾਲੀਆਂ ਨੀਤੀਆਂ (ਉਦਾਹਰਣ ਵਜੋਂ: ਚੰਗੇ ਵਿਹਾਰ ਲਈ ਇਨਾਮ ਦੇਣਾ, ਸਮੱਸਿਆ ਨੂੰ ਹੱਲ ਕਰਨ ਵਾਸਤੇ ਤਕਨੀਕਾਂ ਸਿਖਾਉਣੀਆਂ) ਨੂੰ ਦਵਾਈ ਦੇ ਨਾਲ ਜੋੜਣ ਨਾਲ clonidine ਤੋਂ ਫ਼ਾਇਦਾ ਹੋਣ ਦੇ ਆਸਾਰ ਵਧ ਜਾਂਦੇ ਹਨ।

## *Clonidine* ਕਿਵੇਂ ਲਈ ਜਾਣੀ ਚਾਹੀਦੀ ਹੈ?



Clonidine ਮੂੰਹ ਰਾਹੀਂ ਲਈਆਂ ਜਾਣ ਵਾਲੀਆਂ ਗੋਲੀਆਂ ਦੇ ਰੂਪ ਵਿੱਚ ਉਪਲਬਧ ਹੈ। ਏ.ਡੀ./ਐਚ.ਡੀ. ਅਤੇ ਹਿਚੋਲੇ ਮਾਰਨ ਸੰਬੰਧੀ ਵਿਗਾੜਾਂ ਦੇ ਇਲਾਜ ਲਈ ਅਕਸਰ ਇਸ ਨੂੰ ਹਰ ਰੋਜ਼ ਦੋ ਤੋਂ ਚਾਰ ਵਾਰ ਲਿਆ ਜਾਂਦਾ ਹੈ। ਸੌਣ ਸੰਬੰਧੀ ਦਿੱਕਤਾਂ ਵਿੱਚ ਮਦਦ ਲਈ ਇਸ ਨੂੰ ਅਕਸਰ ਦਿਨ ਵਿੱਚ ਇੱਕ ਵਾਰ, ਸੌਣ ਤੋਂ ਦੋ ਘੰਟੇ ਪਹਿਲਾਂ ਲਿਆ ਜਾਂਦਾ ਹੈ। ਇਸ ਨੂੰ ਭੋਜਨ ਦੇ ਨਾਲ ਜਾਂ ਭੋਜਨ ਤੋਂ ਬਿਨਾ ਵੀ ਲਿਆ ਜਾ ਸਕਦਾ ਹੈ। ਤੁਹਾਡੇ ਸਰੀਰ ਦੇ ਭਾਰ ਅਤੇ ਇਸ ਦਵਾਈ ਵੱਲ ਤੁਹਾਡੇ ਪ੍ਰਤੀਕਰਮ ਅਨੁਸਾਰ ਤੁਹਾਡਾ ਡਾਕਟਰ ਇਹ ਨਿਰਧਾਰਣ ਕਰੇਗਾ ਕਿ ਤੁਹਾਨੂੰ ਕਿੰਨੀ ਦਵਾਈ ਲੈਣੀ ਚਾਹੀਦੀ ਹੈ। ਸ਼ੁਰੂ ਵਿੱਚ ਤੁਹਾਡਾ ਡਾਕਟਰ Clonidine ਦੀ ਹਲਕੀ ਖ਼ੁਰਾਕ ਨਾਲ ਸ਼ੁਰੂਆਤ ਕਰੇਗਾ। ਜਦੋਂ ਤਕ ਦਵਾਈ ਦੀ ਮਾਤਰਾ ਲੋੜੀਂਦੀ ਖੁਰਾਕ ਦੇ ਬਰਾਬਰ ਨਹੀਂ ਹੋ ਜਾਂਦੀ ਜਾਂ ਜਦੋਂ ਤਕ ਮਾੜੇ ਪ੍ਰਭਾਵ ਨਹੀਂ ਹੁੰਦੇ, ਤੁਹਾਡਾ ਡਾਕਟਰ ਕੁਝ ਹਫ਼ਤਿਆਂ ਦੇ ਸਮੇਂ ਦੌਰਾਨ ਇਸ ਖ਼ੁਰਾਕ ਵਿੱਚ ਹੌਲੀ-ਹੌਲੀ ਵਾਧਾ ਕਰਦਾ ਰਹੇਗਾ ।

ਅਸਰਦਾਇਕ ਹੋਣ ਵਾਸਤੇ Clonidine ਨੂੰ ਹਰ ਰੋਜ਼ ਬਾਕਾਇਦਾ ਤੌਰ 'ਤੇ ਲਏ ਜਾਣ ਦੀ ਲੋੜ ਹੁੰਦੀ ਹੈ। Clonidine ਨਾਲ ਚੱਲ ਰਹੇ ਇਲਾਜ ਨੂੰ ਅਚਾਨਕ ਬੰਦ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨਾਲ ਬਲੱਡ ਪ੍ਰੈਸ਼ਰ ਵਿੱਚ ਅਣਚਾਹਿਆ ਤਤਕਾਲੀ ਵਾਧਾ ਹੋ ਸਕਦਾ ਹੈ। ਵਧੀਆ ਅਸਰ ਹੋਣ ਵਾਸਤੇ ਇਸ ਦਵਾਈ ਨੂੰ ਹਰ ਰੋਜ਼ ਇੱਕੋ ਸਮੇਂ 'ਤੇ ਲਿਆ ਜਾਣਾ ਚਾਹੀਦਾ ਹੈ।

## *Clonidine* ਕਦੋਂ ਅਸਰ ਕਰਨਾ ਸ਼ੁਰੂ ਕਰੇਗੀ?

ਆਪਣੇ ਲੱਛਣਾਂ ਵਿੱਚ ਸੁਧਾਰ ਦੇਖਣ ਤੋਂ ਪਹਿਲਾਂ Clonidine ਨੂੰ ਦੋ ਹਫ਼ਤਿਆਂ ਤਕ ਲੈਣ ਦੀ ਲੋੜ ਹੁੰਦੀ ਹੈ। ਇਸ ਦਵਾਈ ਦਾ ਪੂਰਾ ਫ਼ਾਇਦਾ ਦੇਖਣ ਲਈ 2 ਤੋਂ 4 ਮਹੀਨੇ ਲੱਗ ਸਕਦੇ ਹਨ। ਨੀਂਦ ਆਉਣੀ ਜਾਂ ਨਸ਼ੇ ਵਿੱਚ ਹੋਣ ਵਰਗੀ ਸਥਿਤੀ (ਕਈ ਵਾਰ ਅਜਿਹਾ ਹੋਣਾ ਲੋਚਿਆ ਜਾਂਦਾ ਹੈ) ਛੇਤੀ ਹੀ ਸਾਹਮਣੇ ਆ ਸਕਦੀ ਹੈ (ਦਵਾਈ ਦੀ ਪਹਿਲੀ ਖ਼ੁਰਾਕ ਤੋਂ ਬਾਅਦ ਹੀ)। ਜੇ ਕੁੱਝ ਸ਼ੁਰੂਆਤੀ ਹਫ਼ਤਿਆਂ ਵਿੱਚ ਕੋਈ ਸੁਧਾਰ ਨਾ ਹੋਵੇ ਤਾਂ ਜਦੋਂ ਤਕ ਤੁਹਾਡਾ ਡਾਕਟਰ ਨਾ ਆਖੇ, ਉਦੋਂ ਤਕ ਆਪਣੀ ਦਵਾਈ ਨਾ ਵਧਾਓ, ਨਾ ਘਟਾਓ ਅਤੇ ਨਾ ਹੀ ਇਸ ਨੂੰ ਲੈਣਾ ਬੰਦ ਕਰੋ। ਦਵਾਈ ਦਾ ਦੇਰ ਬਾਅਦ ਅਸਰ ਹੋਣਾ ਸਧਾਰਨ ਗੱਲ ਹੈ।

Clonidine ਵਰਗੀਆਂ ਦਵਾਈਆਂ ਹਰ ਕਿਸੇ ਲਈ ਫਾਇਦੇਮੰਦ ਨਹੀਂ ਹੁੰਦੀਆਂ। ਜੇ ਤੁਸੀਂ ਕਈ ਹਫ਼ਤਿਆਂ ਵਿੱਚ ਠੀਕ ਮਹਿਸੂਸ ਨਹੀਂ ਕਰਦੇ, ਤੁਹਾਡਾ ਡਾਕਟਰ ਤੁਹਾਨੂੰ ਕੋਈ ਹੋਰ ਦਵਾਈ ਲੈਣ ਦੀ ਸਿਫ਼ਾਰਸ਼ ਕਰ ਸਕਦਾ ਹੈ।

## ਮੈਨੂੰ *Clonidine* ਕਿੰਨੀ ਦੇਰ ਤਕ ਲੈਣੀ ਪਵੇਗੀ?



ਇਹ ਇਸ ਗੱਲ `ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਲੱਛਣ ਕਿਹੋ ਜਿਹੇ ਹਨ, ਉਹ ਲੱਛਣ ਕਿੰਨੀ-ਕਿੰਨੀ ਦੇਰ ਬਾਅਦ ਸਾਹਮਣੇ ਆਉਂਦੇ ਹਨ ਅਤੇ ਤੁਹਾਡੇ ਵਿੱਚ ਇਹ ਲੱਛਣ ਕਿੰਨੇ ਸਮੇਂ ਤੋਂ ਹਨ। ਵੱਖ-ਵੱਖ ਲੋਕ ਵੱਖ-ਵੱਖ ਸਮੇਂ ਲਈ Clonidine ਲੈਂਦੇ ਹਨ। ਸਮੇਂ ਸਮੇਂ ’ਤੇ ਇਹ ਗੱਲ ਮੁੜ-ਮੁੜ ਵਿਚਾਰੀ ਜਾਣੀ ਚਾਹੀਦੀ ਹੈ ਕਿ ਕੀ ਤੁਹਾਨੂੰ ਇਸ ਦਵਾਈ ਦੀ ਲੋੜ ਹੈ ਜਾਂ ਨਹੀਂ। ਕਈ ਲੋਕਾਂ ਨੂੰ ਇਸ ਦਵਾਈ ਦੀ ਲੋੜ ਆਪਣੇ ਜੀਵਨ ਦੇ ਕਿਸੇ ਖਾਸ ਸਮੇਂ ’ਤੇ ਹੀ ਹੁੰਦੀ ਹੈ, ਜਿਵੇਂ ਜਦੋਂ ਉਹ ਸਕੂਲ ਜਾ ਰਹੇ ਹੋਣ ਜਦੋਂ ਕਿ ਕਈ ਲੋਕਾਂ ਨੂੰ ਇਸ ਦਵਾਈ ਦਾ ਫ਼ਾਇਦਾ ਕਈ ਸਾਲਾਂ ਤਕ ਹੁੰਦਾ ਰਹਿੰਦਾ ਹੈ। ਜਦੋਂ ਤੁਸੀਂ ਇਸ ਦਵਾਈ ਨੂੰ ਬਾਕਾਇਦਾ ਤੌਰ ’ਤੇ ਲੈਂਦੇ ਹੋ ਤਾਂ Clonidine ਨੂੰ ਇੱਕਦਮ ਬੰਦ ਕਰ ਦੇਣਾ ਖ਼ਤਰਨਾਕ ਹੋ ਸਕਦਾ ਹੈ। ਜੇ ਤੁਸੀਂ ਅਤੇ ਤੁਹਾਡਾ ਡਾਕਟਰ Clonidine ਨੂੰ ਬੰਦ ਕਰਨ ਦਾ ਫ਼ੈਸਲਾ ਕਰਦੇ ਹੋ ਤਾਂ ਤੁਹਾਡਾ ਡਾਕਟਰ ਤੁਹਾਨੂੰ ਵਿਸਥਾਰ ਵਿੱਚ ਦੱਸੇਗਾ ਕਿ ਦਵਾਈ ਦੀ ਖ਼ੁਰਾਕ ਹੌਲੀ-ਹੌਲੀ ਕਿਵੇਂ ਘੱਟ ਕਰਨੀ ਹੈ ਤਾਂ ਕਿ ਜਦੋਂ ਤੁਹਾਡਾ ਸਰੀਰ ਇਸ ਦਵਾਈ ਤੋਂ ਬਗ਼ੈਰ ਰਹਿਣ ਲਈ ਆਪਣੇ ਆਪ ਨੂੰ ਢਾਲ ਰਿਹਾ ਹੋਵੇ, ਉਦੋਂ ਬਲੱਡ ਪ੍ਰੈਸ਼ਰ ਵਿੱਚ ਤਤਕਾਲੀ ਵਾਧਾ ਅਤੇ ਹੋਰ ਅਣਚਾਹੇ ਅਸਰ ਰੋਕੇ ਜਾ ਸਕਣ। **ਆਪਣੇ ਡਾਕਟਰ ਨਾਲ ਪਹਿਲਾਂ ਗੱਲਬਾਤ ਕਰਨ ਤੋਂ ਬਿਨਾ ਇਸ ਦਵਾਈ ਨੂੰ ਲੈਣਾ ਅਚਾਨਕ ਬੰਦ ਨਾ ਕਰੋ।**

## ਕੀ *Clonidine* ਦਾ ਅਮਲ ਲੱਗ ਸਕਦਾ ਹੈ?

ਨਹੀਂ, Clonidine ਦਾ ਅਮਲ ਨਹੀਂ ਲੱਗਦਾ ਅਤੇ ਤੁਹਾਨੂੰ ਇਹ ਦਵਾਈ ਲੈਣ ਦੀ “ਤਲਬ” ਨਹੀਂ ਹੋਵੇਗੀ, ਜਿਵੇਂ ਕਿ ਕਈ ਲੋਕਾਂ ਨੂੰ ਨਿਕੋਟਿਨ ਜਾਂ ਹੋਰ ਨਸ਼ੀਲੇ ਪਦਾਰਥਾਂ ਦੀ ਤਲਬ ਹੋ ਸਕਦੀ ਹੈ। ਆਮ ਤੌਰ ’ਤੇ, ਏ.ਡੀ./ਐਚ.ਡੀ. ਨਾਲ ਪੀੜਤ ਲੋਕਾਂ ਵੱਲੋਂ ਲੰਮੇ ਸਮੇਂ ਦੌਰਾਨ ਇਸ ਦਵਾਈ ਦੀ ਦੁਰਵਰਤੋਂ ਦਾ ਖ਼ਤਰਾ ਹੋ ਸਕਦਾ ਹੈ। ਏ.ਡੀ./ਐਚ.ਡੀ. ਦੇ ਇਲਾਜ ਲਈ ਜਿਹੜੇ ਲੋਕ ਦਵਾਈ ਨਹੀਂ ਲੈਂਦੇ, ਉਨ੍ਹਾਂ ਦੇ ਮੁਕਾਬਲੇ ਉਹ ਮਰੀਜ਼ ਇਸ ਦਵਾਈ ਦੀ ਘੱਟ ਦੁਰਵਰਤੋਂ ਕਰਨਗੇ ਜਿਨ੍ਹਾਂ ਦੇ ਏ.ਡੀ./ਐਚ.ਡੀ. ਦਾ ਇਲਾਜ ਅਸਰਦਾਇਕ ਢੰਗ ਨਾਲ ਕੀਤਾ ਜਾਵੇਗਾ।

## *Clonidine* ਦੇ ਮਾੜੇ ਪ੍ਰਭਾਵ ਕੀ ਹਨ ਅਤੇ ਜੇ ਮੈਨੂੰ ਇਹ ਮਾੜੇ ਪ੍ਰਭਾਵ ਹੋ ਜਾਣ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਬਹੁਤੀਆਂ ਹੋਰਨਾ ਦਵਾਈਆਂ ਵਾਂਗ, Clonidine ਲੈਣ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ। ਪਰ ਬਹੁਤੇ ਮਾੜੇ ਪ੍ਰਭਾਵ ਮਾਮੂਲੀ ਅਤੇ ਥੋੜ੍ਹੇ ਸਮੇਂ ਲਈ ਹੁੰਦੇ ਹਨ। ਕਈ ਵਾਰ ਕਿਸੇ ਵੀ ਫ਼ਾਇਦੇਮੰਦ ਪ੍ਰਭਾਵ ਤੋਂ ਪਹਿਲਾਂ ਮਾੜੇ ਪ੍ਰਭਾਵ ਹੋ ਸਕਦੇ ਹਨ। ਕੁਝ ਵਿਅਕਤੀਆਂ ਨੂੰ ਅਜਿਹੇ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਣ ਦੀ ਸੰਭਾਵਨਾ ਵੀ ਹੁੰਦੀ ਹੈ ਜਿਹੜੇ ਉਨ੍ਹਾਂ ਨੂੰ ਗੰਭੀਰ ਜਾਂ ਲੰਮੇ ਸਮੇਂ ਤਕ ਚੱਲਣ ਵਾਲੇ ਮਹਿਸੂਸ ਹੋ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਇਨ੍ਹਾਂ ਨਾਲ ਨਜਿੱਠਣ ਸੰਬੰਧੀ ਤਰੀਕਿਆਂ ਬਾਰੇ ਤੁਰੰਤ ਆਪਣੇ ਡਾਕਟਰ ਨਾਲ ਗੱਲਬਾਤ ਕਰੋ। ਇਸ ਦਵਾਈ ਨੂੰ ਲੈਣ ਦੇ ਕੁਝ ਆਮ ਮਾੜੇ ਪ੍ਰਭਾਵ ਅਗਲੇ ਪੰਨੇ ਉੱਤੇ ਦਰਸਾਏ ਗਏ ਹਨ। ਬ੍ਰੈਕਟਾਂ ਵਿੱਚ ਇਨ੍ਹਾਂ ਪ੍ਰਭਾਵਾਂ ਨੂੰ ਘਟਾਉਣ ਦੇ ਤਰੀਕੇ ਸੁਝਾਏ ਗਏ ਹਨ।

### ਆਮ ਮਾੜੇ ਪ੍ਰਭਾਵ

ਮਾੜੇ ਪ੍ਰਭਾਵ ਦਵਾਈ ਸ਼ੁਰੂ ਕਰਨ ਸਮੇਂ ਜਾਂ ਦਵਾਈ ਦੀ ਖ਼ੁਰਾਕ ਵਧਾਉਣ ਤੋਂ ਬਾਅਦ ਜ਼ਿਆਦਾ ਆਮ ਹੋ ਸਕਦੇ ਹਨ। ਜੇ ਇਨ੍ਹਾਂ ਵਿੱਚੋਂ ਕੋਈ ਵੀ ਮਾੜਾ ਪ੍ਰਭਾਵ ਤੁਹਾਡੇ ਲਈ ਬਹੁਤ ਜ਼ਿਆਦਾ ਪਰੇਸ਼ਾਨੀ ਖੜ੍ਹੀ ਕਰਦਾ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ ਨਾਲ ਗੱਲਬਾਤ ਕਰੋ।

- ਨੀਂਦ ਆਉਂਦੀ ਮਹਿਸੂਸ ਹੋਣਾ *(ਦਵਾਈ ਨੂੰ ਸੌਣ ਵੇਲੇ ਲੈਣ ਦੀ ਕੋਸ਼ਿਸ਼ ਕਰੋ। ਉਸ ਸਮੇਂ ਤੱਕ ਗੱਡੀ ਜਾਂ ਕੋਈ ਮਸ਼ੀਨ ਨਾ ਚਲਾਓ ਜਦ ਤੱਕ ਤੁਹਾਨੂੰ ਇਹ ਪਤਾ ਨਾ ਲੱਗੇ ਕਿ ਇਹ ਦਵਾਈ ਤੁਹਾਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਜੇ ਦਿਨ ਦੇ ਸਮੇਂ Clonidine ਦੀ ਖ਼ੁਰਾਕ ਤੁਹਾਨੂੰ ਨੀਂਦ ਲਿਆਉਂਦੀ ਹੈ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ )*
- ਮੂੰਹ ਖੁਸ਼ਕ ਹੋਣਾ *(ਖੰਡ ਰਹਿਤ ਚਿਊਇੰਗ ਗਮ ਜਾਂ ਖੰਡ ਰਹਿਤ ਟੌਫੀਆਂ, ਬਰਫ਼ ਦੀਆਂ ਟੁਕੜੀਆਂ ਜਾਂ ਕੁਲਫੀਆਂ ਖਾਣ ਦੀ ਕੋਸ਼ਿਸ਼ ਕਰੋ)*
- ਅੱਖਾਂ ਖੁਸ਼ਕ ਹੋਣੀਆਂ *(ਬਣਾਉਟੀ ਅੱਥਰੂਆਂ ਵਾਲੀ ਅੱਖਾਂ ਦੀ ਦਵਾਈ ਆਜ਼ਮਾਓ)*

- ਚੱਕਰ ਆਉਣੇ, ਸਿਰ ਹੌਲਾ ਹੋਣਾ ਜਾਂ ਘੱਟ ਬਲੱਡ ਪ੍ਰੈਸ਼ਰ *(ਬੈਠਣ ਜਾਂ ਲੇਟਣ ਤੋਂ ਬਾਅਦ ਬਹੁਤ ਹੌਲੀ ਉੱਠਣ ਦੀ ਕੋਸ਼ਿਸ਼ ਕਰੋ, ਜੇ ਇਹ ਜ਼ਿਆਦਾ ਗੰਭੀਰ ਹੋ ਜਾਵੇ (ਜਿਵੇਂ ਡਿੱਗ ਪੈਣਾ, ਬੇਹੋਸ਼ ਹੋ ਜਾਣਾ) ਤਾਂ ਤੁਰੰਤ ਡਾਕਟਰੀ ਮਦਦ ਲਓ)*
- ਸਿਰ ਦਰਦ *(ਦਰਦ ਨਿਵਾਰਕ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਅਸੀਟਾਮਿਨਾਫ਼ਿਨ (Tylenol® - ਟਾਇਲਾਨੋਲ) ਜੇ ਸਿਰ ਦਰਦ ਅਚਾਨਕ ਉੱਠੇ ਅਤੇ ਬਹੁਤ ਜ਼ਿਆਦਾ ਹੋਵੇ ਤਾਂ ਤੁਰੰਤ ਐਮਰਜੰਸੀ ਮਦਦ ਲਓ)*
- ਕਬਜ਼ *(ਕਸਰਤ, ਤਰਲ ਪਦਾਰਥਾਂ, ਸਬਜ਼ੀਆਂ, ਫਲਾਂ ਅਤੇ ਫਾਇਬਰ ਦੀ ਮਾਤਰਾ ਵਧਾ ਲਓ)*
- ਪੇਟ ਖ਼ਰਾਬ ਹੋਣਾ, ਜੀਅ ਕੱਚਾ ਹੋਣਾ, ਉਲਟੀਆਂ *(ਆਪਣੀ ਦਵਾਈ ਭੋਜਨ ਤੋਂ ਬਾਅਦ ਲੈਣ ਦੀ ਕੋਸ਼ਿਸ਼ ਕਰੋ)*

## ਸੰਭਾਵੀ ਤੌਰ 'ਤੇ ਗੰਭੀਰ ਪਰ ਅਸਾਧਾਰਨ ਮਾੜੇ ਪ੍ਰਭਾਵ (ਭਾਵ ਕਿ ਜਿਹੜੇ 5% ਤੋਂ ਵੀ ਘੱਟ ਮਰੀਜ਼ਾਂ ਨੂੰ ਹੁੰਦੇ ਹਨ)

ਕਿਸੇ ਵੀ ਦਵਾਈ ਨੂੰ ਲੈਣ ਦੇ ਖ਼ਤਰੇ ਹੋ ਸਕਦੇ ਹਨ। Clonidine ਦੇ ਸੰਭਾਵੀ ਤੌਰ 'ਤੇ ਗੰਭੀਰ ਪ੍ਰਭਾਵਾਂ ਵਾਰੇ ਆਪਣੇ ਡਾਕਟਰ ਨਾਲ ਗੱਲਬਾਤ ਕਰਨੀ ਯਕੀਨੀ ਬਣਾਓ।

**ਜੇ ਤੁਹਾਨੂੰ ਇਨ੍ਹਾਂ ਸੰਭਾਵੀ ਗੰਭੀਰ ਮਾੜੇ ਪ੍ਰਭਾਵਾਂ ਵਿੱਚੋਂ ਕੋਈ ਵੀ ਮਹਿਸੂਸ ਹੁੰਦਾ ਹੈ ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ:**

- ਚਮੜੀ ਉੱਤੇ ਧੱਫੜ ਜਿਨ੍ਹਾਂ ਨਾਲ ਸੋਜ਼ਿਸ਼ ਅਤੇ ਖਾਰਿਸ਼ ਜਾਂ ਸਾਂਹ ਲੈਣ ਵਿੱਚ ਦਿੱਕਤ ਹੋਈ *(ਐਮਰਜੰਸੀ ਮਦਦ ਤੁਰੰਤ ਲਓ)*
- ਹੋਰ ਗੰਭੀਰ ਹੋਇਆ ਡਿਪਰੈਸ਼ਨ (ਲੰਮੀ ਦੇਰ ਤੋਂ ਉਦਾਸੀ) ਜਾਂ ਮੂਡ ਵਿੱਚ ਕੋਈ ਹੋਰ ਅੱਗੇ ਕਦੀ ਨਾ ਦੇਖੀ ਗਈ ਤਬਦੀਲੀ *(ਆਪਣੇ ਡਾਕਟਰ ਨਾਲ ਗੱਲਬਾਤ ਕਰੋ)*
- ਦਿਲ ਦੀ ਤੇਜ਼ ਜਾਂ ਹੌਲੀ ਹੋਈ ਧੜਕਨ, ਦਿਲ ਦੀ ਬੇਤਰਤੀਬੀ ਧੜਕਨ *(ਆਪਣੇ ਡਾਕਟਰ ਨਾਲ ਗੱਲ ਕਰੋ)*
- ਜ਼ਿਆਦਾ ਘਬਰਾਹਟ, ਬੇਅਰਾਮੀ ਜਾਂ ਚਿੜ੍ਹਚਿੜ੍ਹਾਪਣ
- ਅਚਾਨਕ ਬਲੱਡ ਪ੍ਰੈਸ਼ਰ ਵਧ ਜਾਣਾ, ਦਿਲ ਦੀ ਧੜਕਨ ਤੇਜ਼ ਹੋ ਜਾਣੀ, ਗੁੱਸਾ ਆਉਣਾ, ਸਿਰ ਦਰਦ, ਪੇਟ ਖ਼ਰਾਬ ਹੋਣਾ, ਪਸੀਨਾ ਆਉਣਾ, ਜੀਅ ਕੱਚਾ ਹੋਣਾ ਜਾਂ ਉਲਟੀਆਂ ਆਉਣੀਆਂ *(Clonidine ਟ੍ਰੀਟਮੈਂਟ ਨੂੰ ਇੱਕਦਮ ਬੰਦ ਕਰ ਦੇਣ ਨਾਲ ਅਜਿਹਾ ਹੋ ਸਕਦਾ ਹੈ। ਜੇ ਅਜਿਹੇ ਅਸਰ ਹੁੰਦੇ ਹਨ ਤਾਂ ਐਮਰਜੰਸੀ ਮਦਦ ਤੁਰੰਤ ਲਓ)*

## *Clonidine* ਲੈਂਦੇ ਸਮੇਂ ਮੈਨੂੰ ਅਤੇ ਮੇਰੇ ਡਾਕਟਰ ਨੂੰ ਕਿਹੜੀਆਂ ਸਾਵਧਾਨੀਆਂ ਬਾਰੇ ਸਚੇਤ ਹੋਣਾ ਚਾਹੀਦਾ ਹੈ?

ਕਈ ਦਵਾਈਆਂ Clonidine ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਨ੍ਹਾਂ ਦਵਾਈਆਂ ਵਿੱਚ ਸ਼ਾਮਲ ਹਨ ਵੱਧ ਬਲੱਡ ਪ੍ਰੈਸ਼ਰ ਦੀਆਂ ਦਵਾਈਆਂ; ਖੰਘ ਅਤੇ ਜ਼ੁਖ਼ਾਮ ਦੀਆਂ ਕੁੱਝ ਦਵਾਈਆਂ, ਐਂਟੀ ਹਿਸਟਾਮਾਈਨ (ਐਲਰਜੀ ਜਾਂ ਸੱਟ ਤੋਂ ਦਿੱਤੀ ਜਾਣ ਵਾਲੀ ਦਵਾਈ) ਜਿਵੇਂ ਡਾਇਫਨਹਾਈਡ੍ਰਾਮਾਈਨ (Benadryl® - ਬੈਨਾਡ੍ਰਿਲ); ਕੁੱਝ ਐਂਟੀ ਡਿਪਰੈਸੈਂਟ ਜਿਵੇਂ ਨੋਰਟ੍ਰਿਪਟਿਲਿਨ (Aventyl® - ਅਵੈਂਟਿਲ®); ਕੁੱਝ ਹੋਰ ਦਵਾਈਆਂ ਜਿਵੇਂ ਕਿ ਨੀਂਦ ਸੰਬੰਧੀ ਸਮੱਸਿਆਵਾਂ, ਚਿੰਤਾ ਰੋਗ, ਮਿਰਗੀ ਜਾਂ ਮਾਨਸਿਕ ਵਿਗਾੜਾਂ ਦੀਆਂ ਦਵਾਈਆਂ,  ਜੇ ਤੁਸੀਂ ਡਾਕਟਰ ਦੀ ਪਰਚੀ 'ਤੇ ਮਿਲਣ ਵਾਲੀ ਜਾਂ ਕਾਊਂਟਰ ਤੋਂ ਮਿਲਣ ਵਾਲੀ ਕੋਈ ਹੋਰ ਦਵਾਈ ਲੈ ਰਹੇ ਹੋ (ਜਾਂ ਲੈਣੀ ਸ਼ੁਰੂ ਕਰ ਰਹੇ ਹੋ) ਤਾਂ ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰਨਾ ਯਕੀਨੀ ਬਣਾਓ ਕਿ ਇਹ ਤੁਹਾਡੇ ਲਈ ਸੁਰੱਖਿਅਤ ਹਨ। ਜੇ ਤੁਸੀਂ ਅਜਿਹੀਆਂ ਦਵਾਈਆਂ ਲੈ ਰਹੇ ਹੋ ਜਿਹੜੀਆਂ Clonidine ਨੂੰ ਪ੍ਰਭਾਵਿਤ ਕਰਦੀਆਂ ਹਨ ਤਾਂ ਡਾਕਟਰ ਤੁਹਾਡੀਆਂ ਦਵਾਈਆਂ ਦੀਆਂ ਖੁਰਾਕਾਂ ਬਦਲ ਸਕਦਾ ਹੈ ਜਾਂ ਤੁਹਾਨੂੰ ਆਪਣੀ ਦੇਖਰੇਖ ਵਿੱਚ ਰੱਖ ਕੇ ਬਹੁਤ ਧਿਆਨ ਨਾਲ ਮਾੜੇ ਪ੍ਰਭਾਵਾਂ ਦੀ ਨਿਗਰਾਨੀ ਕਰ ਸਕਦਾ ਹੈ।

**ਆਪਣੇ ਡਾਕਟਰ ਜਾਂ ਫ਼ਾਰਮਾਸਿਸਟ ਨੂੰ ਦੱਸੋ ਜੇ:**

- ਤੁਹਾਨੂੰ ਐਲਰਜੀਆਂ ਹਨ ਜਾਂ ਤੁਸੀਂ ਕਿਸੇ ਦਵਾਈ ਦੇ ਰੀਐਕਸ਼ਨ ਦਾ ਅਨੁਭਵ ਕੀਤਾ ਹੈ
- ਤੁਹਾਨੂੰ ਸ਼ੂਗਰ (ਡਾਇਬੀਟੀਜ਼) ਜਾਂ ਗੁਰਦਿਆਂ ਦੀ ਬਿਮਾਰੀ ਹੈ
- ਤੁਹਾਨੂੰ ਦਿਲ ਦੀ ਬਿਮਾਰੀ ਹੈ ਜਾਂ ਤੁਹਾਡੇ ਪਰਿਵਾਰ ਵਿੱਚ ਘੱਟ ਉਮਰ ਵਿੱਚ ਦਿਲ ਦੀ ਬਿਮਾਰੀ ਜਾਂ ਅਚਾਨਕ ਮੌਤ ਹੋਣ ਦਾ ਪਿਛੋਕੜ ਹੈ
- ਤੁਹਾਨੂੰ ਮਾਨਸਿਕ ਰੋਗ ਜਿਵੇਂ ਡਿਪਰੈਸ਼ਨ ਜਾਂ ਦੋ ਧਰੁਵੀ ਵਿਗਾੜ ਹਨ

- ਤੁਹਾਨੂੰ ਰੇਨੋਡ ਬਿਮਾਰੀ ਹੈ (ਖੂਨ ਦੇ ਸਰਕੂਲੇਸ਼ਨ ਦਾ ਵਿਗਾੜ ਜਿਸ ਨਾਲ ਹੱਥਾਂ, ਪੈਰਾਂ ਦੀਆਂ ਉਂਗਲਾਂ ਜਾਂ ਸਰੀਰ ਦੇ ਕਿਸੇ ਹੋਰ ਦਾ ਬਦਰੰਗ ਹੋ ਜਾਣਾ)
- ਤੁਹਾਡੀ ਮਾਂਹਵਾਰੀ ਨਹੀਂ ਆਉਂਦੀ, ਤੁਸੀਂ ਗਰਭਵਤੀ ਹੋ (ਜਾਂ ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ) ਜਾਂ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾ ਰਹੇ ਹੋ। ਆਪਣੇ ਡਾਕਟਰ ਨੂੰ ਦੱਸੋ ਜੇ Clonidine ਲੈਣ ਦੇ ਦੌਰਾਨ ਤੁਸੀਂ ਗਰਭ ਧਾਰਨ ਕਰ ਲੈਂਦੇ ਹੋ।
- ਮੌਜੂਦਾ ਸਮੇਂ ਤੁਸੀਂ ਸ਼ਰਾਬ ਪੀਂਦੇ ਹੋ ਜਾਂ ਕੋਈ ਨਸ਼ਾ ਕਰਦੇ ਹੋ ਕਿਉਂਕਿ ਇਹ ਵਸਤਾਂ Clonidine ਦੇ ਅਸਰ ਨੂੰ ਘਟਾ ਸਕਦੀਆਂ ਹਨ ਅਤੇ/ਜਾਂ ਤੁਹਾਨੂੰ ਥਕਾਵਟ ਅਤੇ ਨੀਂਦ ਆਉਣ ਦਾ ਅਹਿਸਾਸ ਹੁੰਦਾ ਹੈ।

## *Clonidine* ਲੈਂਦੇ ਹੋਏ ਮੈਨੂੰ ਕਿਹੜੀਆਂ ਵਿਸ਼ੇਸ਼ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ ?

- ਆਪਣੇ ਡਾਕਟਰ ਅਤੇ ਲੈਬੋਰੇਟਰੀ ਦੀਆਂ ਸਾਰੀਆਂ ਅਪੌਇੰਟਮੈਂਟਾਂ ਲਈ ਜਾਓ। ਇਹ ਦੇਖਣ ਲਈ ਕਿ ਤੁਸੀਂ Clonidine ਨਾਲ ਕਿਵੇਂ ਅਤੇ ਕਿੰਨਾ ਠੀਕ ਹੋ ਰਹੇ ਹੋ ਅਤੇ ਇਸ ਦੇ ਮਾੜੇ ਪ੍ਰਭਾਂਵਾਂ 'ਤੇ ਨਜ਼ਰ ਰੱਖਣ ਲਈ ਤੁਹਾਡਾ ਡਾਕਟਰ ਕੁੱਝ ਖ਼ਾਸ ਜਾਣਕਾਰੀ ਅਤੇ ਟੈਸਟਾਂ (ਉਦਾਹਰਣ ਲਈ: ਅਧਿਆਪਕਾਂ ਤੋਂ ਰਿਪੋਰਟ, ਏ.ਡੀ./ਐਚ.ਡੀ. ਦਾ ਪੱਧਰ, ਦਿਲ ਦੀ ਧੜਕਨ ਦੀ ਦਰ, ਬਲੱਡ ਪ੍ਰੈਸ਼ਰ) ਲਈ ਕਹਿ ਸਕਦਾ ਹੈ।
- ਕਿਸੇ ਹੋਰ ਨੂੰ ਆਪਣੀ ਦਵਾਈ ਲੈਣ ਦੀ ਇਜਾਜ਼ਤ ਨਾ ਦਿਓ।

## ਜੇ ਮੈਂ *Clonidine* ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ Clonidine ਬਾਕਾਇਦਾ ਲੈਂਦੇ ਹੋ ਅਤੇ ਕਿਸੇ ਦਿਨ ਤੁਸੀਂ ਦਵਾਈ ਲੈਣੀ ਭੁੱਲ ਜਾਂਦੇ ਹੋ ਤਾਂ ਉਸ ਖੁੰਝੀ ਹੋਈ ਖ਼ੁਰਾਕ ਨੂੰ ਜਿੰਨੀ ਛੇਤੀ ਹੋਵੇ ਲੈ ਲਓ। ਜੇ ਤੁਹਾਡੀ ਤੈਅ ਕੀਤੀ ਖ਼ੁਰਾਕ ਦੇ ਸਮੇਂ ਤੋਂ 4 ਘੰਟੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਆਪਣੀਆਂ ਦਵਾਈਆਂ ਦੇ ਬਾਕਾਇਦਾ ਤੈਅ ਸਮਿਆਂ ਮੁਤਾਬਕ ਅਗਲੀਆਂ ਖ਼ੁਰਾਕਾਂ ਲੈਣੀਆਂ ਜਾਰੀ ਰੱਖੋ। ਅਪਣੀ ਅਗਲੀ ਖ਼ੁਰਾਕ ਨੂੰ ਦੁੱਗਣੀ **ਨਾ** ਕਰੋ।



## *Clonidine* ਨੂੰ ਸੰਭਾਲ ਕੇ ਰੱਖਣ ਲਈ ਕਿਸ ਤਰ੍ਹਾਂ ਦੇ ਹਾਲਾਤ ਦੀ ਲੋੜ ਹੁੰਦੀ ਹੈ?

- ਇਸ ਦਵਾਈ ਨੂੰ ਇਸ ਦੀ ਅਸਲੀ ਸ਼ੀਸ਼ੀ ਵਿੱਚ, ਕਮਰੇ ਦੇ ਤਾਪਮਾਨ `ਤੇ ਨਮੀ ਅਤੇ ਤਪਸ਼ ਤੋਂ ਦੂਰ ਰੱਖੋ (ਉਦਾਹਰਣ ਵਜੋਂ, ਇਸ ਨੂੰ ਬਾਥਰੂਮ ਜਾਂ ਰਸੋਈ ਵਿੱਚ ਨਾ ਰੱਖੋ) ਅਤੇ ਰੋਸ਼ਨੀ ਤੋਂ ਬਚਾਓ।
- ਦਵਾਈ ਬੱਚਿਆਂ ਦੀ ਪਹੁੰਚ ਅਤੇ ਨਜ਼ਰ ਤੋਂ ਪਰ੍ਹੇ ਰੱਖੋ।

ਇਲਾਜ ਸੰਬੰਧੀ ਆਪਣੀਆਂ ਚੋਣਾਂ ਬਾਰੇ ਸਮਝਣ ਵਿੱਚ ਆਪਣੇ ਪਰਿਵਾਰ ਦੀ ਮਦਦ ਲਈ ਤੁਸੀਂ ਇਹ ਜਾਣਕਾਰੀ ਆਪਣੇ ਪਰਿਵਾਰ ਨਾਲ ਸਾਂਝੀ ਕਰਨ ਦੇ ਇੱਛੁਕ ਹੋ ਸਕਦੇ ਹੋ। ਕਿਉਂਕਿ ਹਰ ਵਿਅਕਤੀ ਦੀਆਂ ਜ਼ਰੂਰਤਾਂ ਵਖਰੀਆਂ ਹੁੰਦੀਆਂ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ, ਨਰਸ ਅਤੇ/ਜਾਂ ਫ਼ਾਰਮਾਸਿਸਟ ਵੱਲੋਂ ਮਿਲੀ ਸਲਾਹ ਦੀ ਪਾਲਣਾ ਕਰੋ ਅਤੇ ਇਸ ਦਵਾਈ ਬਾਰੇ ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਉਨ੍ਹਾਂ ਨਾਲ ਗੱਲਬਾਤ ਕਰੋ।

*"ਚਾਈਲਡ ਐਂਡ ਅਡੋਲੋਸੈਂਟ ਮੈਂਟਲ ਹੈਲਥ ਪ੍ਰੋਗਰਾਮ" ਦੇ ਸਿਹਤ ਸੰਭਾਲ ਪੇਸ਼ੇਵਰਾਂ ਵੱਲੋਂ ਤਿਆਰ ਕੀਤਾ ਗਿਆ ਅਤੇ "ਕੈਲਟੀ ਮੈਂਟਲ ਹੈਲਥ ਰੀਸੋਰਸ ਸੈਂਟਰ" ਦੇ ਸਟਾਫ਼ ਵੱਲੋਂ ਇਸ ਦੀ ਸਮੀਖਿਆ ਕੀਤੀ ਗਈ।*